# ਮੁੱਖਬੰਧ

ਪੰਜਾਬ ਸਰਕਾਰ ਨੇ ਬੈਕਫਿੰਕੋ ਦੀ ਸਥਾਪਨਾ ਸਾਲ 1976 ਵਿੱਚ ਰਾਜ ਦੀਆਂ ਪਛੜੀਆਂ ਸ੍ਰੇਣੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਸੀ। ਇਸ ਕਾਰਪੋਰੇਸਨ ਵਲੋ ਸਵੈ-ਰੋਜਗਾਰ ਸਕੀਮਾਂ ਲਈ ਘੱਟ ਵਿਆਜ ਦਰਾਂ ਤੇ ਕਰਜੇ ਦਿੱਤੇ ਜਾਂਦੇ ਹਨ। ਸਾਲ 1992 ਵਿੱਚ ਭਾਰਤ ਸਰਕਾਰ ਨੇ ਰਾਸਟਰੀ ਪਛੜੀਆਂ ਸ੍ਰੇਣੀਆਂ ਵਿੱਤ ਅਤੇ ਵਿਕਾਸ ਕਾਰਪੋਰੇਸਨ (ਐਨ.ਬੀ.ਸੀ.ਐਫ.ਡੀ.ਸੀ.) ਦੀ ਸਥਾਪਨਾ ਕੀਤੀ ਸੀ, ਜਿਸ ਦੇ ਸਹਿਯੋਗ ਨਾਲ ਪਛੜੀਆਂ ਸ੍ਰੇਣੀਆਂ ਲਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਾਲ 1995 ਵਿੱਚ ਰਾਸਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸਨ (ਐਨ.ਐਮ.ਡੀ.ਐਫ.ਸੀ.) ਦੀ ਸਥਾਪਨਾ ਉਪਰੰਤ ਘੱਟ ਗਿਣਤੀ ਵਰਗ ( ਸਿੱਖ, ਮੁਸਲਮਾਨ, ਕ੍ਰਿਸਚਿਅਨ, ਪਾਰਸੀ ਅਤੇ ਬੋਧੀ) ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਰਾਸਟਰੀ ਕਾਰਪੋਰੇਸਨ ਦੇ ਸਹਿਯੋਗ ਨਾਲ ਸਵੈ-ਰੁਜਗਾਰ ਸਕੀਮਾਂ ਚਲਾਈਆਂ ਜਾ ਰਹੀਆਂ ਹਨ।

**ੳ) ਬੈਕਫਿੰਕੋ ਦੀਆਂ ਕਰਜਾ ਸਕੀਮਾਂ ਤੇ ਟਰੇਨਿੰਗ ਪ੍ਰੋਗਰਾਮ :**

**1) ਟਰਮ ਲੋਨ ਸਕੀਮ :**

ਬੈਕਫਿੰਕੋ ਟਰਮ ਲੋਨ ਸਕੀਮ ਅਧੀਨ ਐਨ.ਬੀ.ਸੀ.ਐਫ.ਡੀ.ਸੀ. ਅਤੇ ਐਨ.ਐਮ.ਡੀ.ਐਫ.ਸੀ. ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵਲੋ ਘੋਸਿਤ ਪਛੜੀਆਂ ਸ੍ਰੇਣੀਆਂ ਅਤੇ ਭਾਰਤ ਸਰਕਾਰ ਵਲੋ ਘੋਸਿਤ ਘੱਟ ਗਿਣਤੀ ਵਰਗ ਦੇ ਲੋਕਾਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਸਵੈ-ਰੋਜਗਾਰ ਸਕੀਮਾਂ ਅਧੀਨ ਸਸਤੇ ਵਿਆਜ ਦਰਾਂ ਤੇ ਕਰਜੇ ਦਿੰਦੀ ਹੈ। ਰਾਸਟਰੀ ਕਾਰਪੋਰੇਸਨਾਂ ਤੋ ਸਕੀਮ ਦੀ ਲਾਗਤ ਦਾ 85% ਹਿੱਸਾ ਬਤੌਰ ਟਰਮ ਲੋਨ ਪ੍ਰਾਪਤ ਕੀਤਾ ਜਾਂਦਾ ਹੈ, 10% ਬਤੌਰ ਮਾਰਜਨ ਮਨੀ ਪੰਜਾਬ ਸਟੇਟ ਪਾਉਦੀ ਹੈ ਅਤੇ ਬਾਕੀ ਦਾ 5% ਲਾਭਪਾਤਰੀ ਪਾਉਦਾ ਹੈ। ਇਸ ਸਕੀਮ ਤਹਿਤ ਕਰਜੇ ਖੇਤੀਬਾੜੀ ਅਤੇ ਸਹਾਇਕ ਧੰਦੇ, ਛੋਟੇ ਕਾਰੋਬਾਰ ਅਤੇ ਸਰਵਿਸ ਸੈਕਟਰ, ਟੈਕਨੀਕਲ ਟਰੇਡਾਂ ਆਦਿ ਲਈ ਦਿੱਤੇ ਜਾਂਦੇ ਹਨ।

ਕਰਜਾ ਲੈਣ ਲਈ ਮੁੱਖ ਯੋਗਤਾਵਾਂ :

* ਪੰਜਾਬ ਦਾ ਪੱਕਾ ਵਸਨੀਕ ਹੋਵੇ।
* ਉਮਰ 18 ਤੋ 55 ਸਾਲ ਤੱਕ ਹੋਣੀ ਚਾਹੀਦੀ ਹੈ।
* ਪੰਜਾਬ ਸਰਕਾਰ ਵਲੋ ਘੋਸਿਤ ਪਛੜੀ ਸ੍ਰੇਣੀ ਜਾਂ ਭਾਰਤ ਸਰਕਾਰ ਵਲੋ ਘੋਸਿਤ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ।
* ਸਹਿਰੀ ਇਲਾਕੇ ਵਿੱਚ ਵੱਸਦੇ ਵਿਅਕਤੀਆਂ ਦੀ ਸਲਾਨਾ ਪ੍ਰਵਾਰਿਕ ਆਮਦਨ 54500/- ਰੁਪਏ ਤੋ ਘੱਟ ਅਤੇ ਪੇਡੂ ਇਲਾਕਿਆਂ ਵਿੱਚ ਵੱਸਦੇ ਵਿਅਕਤੀਆਂ ਲਈ ਇਹ ਸੀਮਾ 39500/- ਰੁਪਏ ਤੋ ਘੱਟ ਹੋਣੀ ਚਾਹੀਦੀ ਹੈ।
* ਜੇਕਰ ਕੋਈ ਵਿਅਕਤੀ ਕਰਜਾ ਟੈਕਨੀਕਲ ਕਿੱਤੇ ਲਈ ਲੈਣਾ ਚਾਹੁੰਦਾ ਹੈ ਤਾਂ ਘੱਟੋ ਘੱਟ ਮੈਟ੍ਰਿਕ ਪਾਸ ਹੋਵੇ। ਜਿਹਨਾਂ ਨੇ ਟਰੇਨਿੰਗ ਲਈ ਹੈ, ਉਹਨਾਂ ਨੂੰ ਪਹਿਲ ਦਿੱਤੀ ਜਾਵੇਗੀ। ਪਿਤਾ ਪੁਰਖੀ ਅਤੇ ਨਾਨ ਟੈਕਨੀਕਲ ਸਕੀਮਾਂ ਲਈ ਇਹ ਸਰਤ ਜਰੂਰੀ ਨਹੀ ਹੈ।

2. **ਐਜੂਕੇਸਨ ਲੋਨ ਸਕੀਮ :**

ਏ) **ਪਛੜੀ ਸ੍ਰੇਣੀ ਲਈ :**

ਐਨ.ਬੀ.ਸੀ.ਐਫ.ਡੀ.ਸੀ. ਵਲੋ ਪਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਲਈ ਪ੍ਰੋਫੈਸਨਲ ਅਤੇ ਟੈਕਨੀਕਲ ਐਜੂਕੇਸਨ ਗਰੈਜੂਏਟ ਅਤੇ ਇਸ ਤੋ ਉਤੇ ਦੀ ਪੜ੍ਹਾਈ ਕਰਨ ਲਈ ਐਜੂਕੇਸਨ ਲੋਨ ਸਕੀਮ ਤਹਿਤ ਕਰਜੇ ਦਿੱਤੇ ਜਾਂਦੇ ਹਨ। ਇਹ ਕਰਜੇ ਉਹਨਾਂ ਉਮੀਦਵਾਰਾਂ ਨੂੰ ਦਿੱਤੇ ਜਾਂਦੇ ਹਨ, ਜਿਹਨਾਂ ਦੀ ਸਲਾਨਾ ਪ੍ਰਵਾਰਿਕ ਆਮਦਨ ਪੇਡੂ ਇਲਾਕਿਆਂ ਲਈ 395●●/- ਅਤੇ ਸਹਿਰੀ ਇਲਾਕਿਆਂ ਵਿੱਚ 545●●/- ਰੁਪਏ ਤੋ ਘੱਟ ਹੋਵੇ। ਇਸ ਸਕੀਮ ਤਹਿਤ 5.●● ਲੱਖ ਤੱਕ ਕਰਜਾ 4% ਸਲਾਨਾ ਵਿਆਜ ਦੀ ਦਰ ਤੇ ਦਿੱਤਾ ਜਾਂਦਾ ਹੈ।

ਕਰਜੇ ਦੀ ਵਾਪਸੀ ਕੋਰਸ ਖਤਮ ਹੋਣ ਤੋ 6 ਮਹੀਨੇ ਬਾਦ ਤਿਮਾਹੀ ਕਿਸਤਾਂ ਵਿੱਚ 5 ਸਾਲਾਂ ਵਿੱਚ ਕੀਤੀ ਜਾਂਦੀ ਹੈ।

**ਬੀ) ਘੱਟ ਗਿਣਤੀ ਵਰਗ ਲਈ :**

ਐਨ.ਐਮ.ਡੀ.ਐਫ.ਸੀ. ਵਲੋ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ 2.5● ਲੱਖ ਰੁਪਏ ਦਾ ਕਰਜਾ 3% ਸਲਾਨਾ ਵਿਆਜ ਦੀ ਦਰ ਤੇ ਉਚੇਰੀ ਪੜ੍ਹਾਈ ਕਰਨ ਲਈ ਦਿੱਤਾ ਜਾਂਦਾ ਹੈ। ਘੱਟ ਗਿਣਤੀ ਵਰਗ ਦੇ ਤਹਿਤ ਵੀ ਕਰਜੇ ਦੀ ਵਾਪਸੀ 5 ਸਾਲਾਂ ਵਿੱਚ ਕੀਤੀ ਜਾਂਦੀ ਹੈ।

3) **ਵੋਕੇਸਨਲ ਟਰੇਨਿੰਗ ਪ੍ਰੋਗਰਾਮ :**

ਬੈਕਫਿੰਕੋ ਦੋਵੇ ਰਾਸਟਰੀ ਕਾਰਪੋਰੇਸਨਾਂ (ਐਨ.ਬੀ.ਸੀ.ਐਫ.ਡੀ.ਸੀ. ਅਤੇ ਐਨ.ਐਮ.ਡੀ.ਐਫ.ਸੀ.) ਦੇ ਸਹਿਯੋਗ ਨਾਲ ਪਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਉਮੀਦਵਾਰਾਂ ਲਈ ਵੋਕੇਸਨਲ ਟਰੇਨਿੰਗ ਵੀ ਚਲਾ ਰਹੀ ਹੈ। ਇਸ ਸਕੀਮ ਤਹਿਤ ਬੈਕਫਿੰਕੋ ਨੇ ਰਾਸਟਰੀ ਛੋਟੇ ਉਦਯੋਗ ਕਾਰਪੋਰੇਸਨ ਦੇ ਰਾਜਪੁਰਾ ਸੈਂਟਰ, ਐਪਰਲ ਟਰੇਨਿਗ ਐਡ ਡਜਾਇਨ ਸੈਂਟਰ, ਲੁਧਿਆਣਾ ਦੇ ਸਹਿਯੋਗ ਨਾਲ ਇਹ ਸਕੀਮਾਂ ਚਲਾ ਰਹੀ ਹੈ। ਟਰੇਨਿੰਗ ਦੇਣ ਦਾ ਸਾਰਾ ਖਰਚਾ ਰਾਸਟਰੀ ਕਾਰਪੋਰੇਸਨਾਂ ਵਲੋ ਦਿੱਤਾ ਜਾਂਦਾ ਹੈ।

4) **ਨਿਊ ਸਵਰਨਿਮਾ ਸਕੀਮ**

ਐਨ.ਬੀ.ਸੀ.ਐਫ.ਡੀ.ਸੀ. ਨਵੀ ਦਿੱਲੀ ਦੇ ਸਹਿਯੋਗ ਨਾਂਲ ਪਛੜੀਆਂ ਸ੍ਰੇਣੀਆਂ ਦੀਆਂ ਔਰਤਾਂ ਜਿਹਨਾਂ ਦੀ ਉਮਰ 18 ਤੋ 55 ਸਾਲ ਹੋਵੇ ਸਵੈ-ਰੁਜਗਾਰ ਸਥਾਪਤ ਕਰਨ ਲਈ ਨਿਊ ਸਵਰਨਿਮਾ ਸਕੀਮ ਚਲਾਈ ਜਾ ਰਹੀ ਹੈ। ਇਸ ਸਕੀਮ ਤਹਿਤ 5●●●●/- ਰੁਪਏ ਤੱਕ ਦੇ ਕਰਜੇ 4% ਸਲਾਨਾ ਵਿਆਜ ਦੀ ਦਰ ਤੇ ਦਿੱਤਾ ਜਾਂਦਾ ਹੈ। ਕਰਜੇ ਦੀ ਵਾਪਸੀ 5 ਸਾਲਾਂ ਵਿੱਚ 2● ਤਿਮਾਹੀ ਕਿਸਤਾਂ ਵਿੱਚ ਕੀਤੀ ਜਾਂਦੀ ਹੈ। ਇਸ ਸਕੀਮ ਤਹਿਤ ਵੀ ਸਲਾਨਾ ਆਮਦਨ ਦੀ ਸੀਮਾ ਉਕਤ ਅਨੁਸਾਰ ਹੈ।

5) **ਮਹਿਲਾ ਸਮਰਿਧੀ ਯੋਜਨਾ:**

ਪਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੀਆਂ ਔਰਤਾਂ ਨੂੰ ਸਵੈ -ਰੋਜਗਾਰ ਸਕੀਮਾਂ ਅਧੀਨ ਕਰਜੇ ਦੇਣ ਲਈ ਦੋਵੇ ਰਾਸਟਰੀ ਕਾਰਪੋਰੇਸਨਾਂ ਵਲੋ ਮਹਿਲਾ ਸਮਰਿਧੀ ਯੋਜਨਾ ਆਰੰਭ ਕੀਤੀ ਗਈ ਹੈ। ਇਸ ਯੋਜਨਾ ਤਹਿਤ 25,●●●/- ਰੁਪਏ ਤੱਕ ਕਰਜਾ 4 % ਸਲਾਨਾ ਵਿਆਜ ਦੀ ਦਰ ਤੇ ਦਿੱਤਾ ਜਾਦਾ ਹੈ। ਇਸ ਸਕੀਮ ਤਹਿਤ ਇਸ ਵਰਗ ਨਾਲ ਸਬੰਧਤ ਕੋਈ ਵੀ ਔਰਤ ਕੋਈ ਵੀ ਸਮੈ-ਰੋਜਗਾਰ ਸਥਾਪਤ ਕਰਨ ਲਈ ਕਰਜਾ ਪ੍ਰਾਪਤ ਕਰ ਸਕਦੀ ਹੈ।

**6) ਮਾਇਕਰੋ ਫਾਇਨਾਂਸ ਸਕੀਮ:**

ਇਸ ਸਕੀਮ ਤਹਿਤ ਪਛੜੀਆਂ ਸ੍ਰੇਣੀਆਂ ਤੇ ਧੱਟ ਗਿਣਤੀ ਵਰਗ ਦੇ ਗਰੀਬ ਲੋਕਾਂ ਨੂੰ ਛੋਟੇ ਛੋਟੇ ਕਾਰੋਬਾਰਾਂ ਲਈ 25,000/- ਰੁਪਏ ਤੱਕ ਕਰਜਾ 5% ਸਲਾਨਾ ਵਿਆਜ ਦੀ ਦਰ ਤੇ ** ਸੈਲਫ- ਹੈਲਪ- ਗਰੁੱਪ ** ਗਠਿਤ ਕਰਕੇ ਦਿੱਤਾ ਜਾਂਦਾ ਹੈ।

**ਬੈਕਫਿੰਕੋ ਤੋ ਕਰਜਾ ਪ੍ਰਾਪਤ ਕਰਨ ਦੀ ਵਿਧੀ**

1) ਯੋਗ ਵਿਅਕਤੀ ਆਪਣੇ ਜਿਲੇ ਦੇ ਬੈਕਫਿੰਕੋ ਦੇ ਫੀਲਡ ਦਫਤਰ ਨਾਲ ਸੰਪਰਕ ਕਰਕੇ ਆਪਣਾ ਸਨਾਖਤੀ ਕਰਜਾ ਫਾਰਮ ਭਰ ਕੇ ਦੇਵੇਗਾ।

2) ਪੰਜਾਬ ਸਰਕਾਰ ਵਲੋ ਗਠਿਤ ਜਿਲ੍ਹਾ ਪੱਧਰ ਸਕਰੀਨਿੰਗ ਕਮੇਟੀ ( ਜਿਸ ਦੇ ਮੁੱਖੀ ਵਧੀਕ ਡਿਪਟੀ ਕਮਿਸਨਰ (ਵਿਕਾਸ) ਹਨ ) ਦੇ ਸਾਹਮਣੇ ਕਮੇਟੀ ਵਲੋ ਨਿਸਚਿਤ ਮਿਤੀ ਨੂੰ ਬੁਲਾਈ ਗਈ ਮੀਟਿੰਗ ਵਿੱਚ ਇੰਟਰਵਿਊ ਲਈ ਪੇਸ ਹੋਵੇਗਾ।

3) ਜਿਲਾ ਪੱਧਰ ਸਕਰੀਨਿੰਗ ਕਮੇਟੀ ਵਲੋ ਇੰਟਰਵਿਊ ਅਤੇ ਸਨਾਖਤੀ ਕਰਜਾ ਫਾਰਮ ਪ੍ਰਵਾਨ ਹੋਣ ਉਪਰੰਤ ਬਿਨੈਕਾਰ ਬੈਕਫਿੰਕੋ ਦੇ ਜਿਲਾ ਫੀਲਡ ਅਫਸਰ ਦੀ ਮੱਦਦ ਨਾਲ ਕਰਜਾ ਕੇਸ ਮੁਕੰਮਲ ਕਰਦਾ ਹੈ ਅਤੇ ਲੋੜੀਦੇ ਕਾਗਜਾਤ ਆਪਣੇ ਕਰਜਾ ਫਾਰਮ ਨਾਲ ਲਗਾ ਕੇ ਬੈਕਫਿੰਕੋ ਜਿਲਾ ਫੀਲਡ ਦਫਤਰ ਵਿੱਚ ਦਿੰਦਾ ਹੈ।

4) ਮੁਕੰਮਲ ਕਰਜਾ ਕੇਸ ਨਾਲ ਲਗਾਏ ਸਾਰੇ ਡਾਕੂਮੈਂਟਸ ਦੀ ਜਿਲਾ ਪੱਧਰ ਸਕਰੀਨਿੰਗ ਕਮੇਟੀ ਘੋਖ ਕਰਕੇ ਪ੍ਰਵਾਨਗੀ ਲਈ ਮੁੱਖ ਦਫਤਰ ਬੈਕਫਿੰਕੋ ਨੂੰ ਕੇਸ ਦੀ ਸਿਫਾਰਸ ਕਰਦੀ ਹੈ।

5) ਕਰਜਾ ਪ੍ਰਵਾਨ ਹੋਣ ਉਪਰੰਤ ਬਿਨੈਕਾਰ ਬੈਕਫਿੰਕੋ ਦੇ ਹੱਕ ਵਿੱਚ ਗਾਰੰਟੀ ਵਜੋ ਦਿੱਤੀ ਜਾਇਦਾਦ ਦਾ ਸਬੰਧਤ ਤਹਿਸੀਲ ਵਿੱਚ ਜਾ ਕੇ ਰਹਿਣਨਾਮਾ ਕਰਵਾਉਦਾ ਹੈ ਅਤੇ ਫੀਲਡ ਅਫਸਰ ਇਸ ਕੇਸ ਨੂੰ ਮੁੱਖ ਦਫਤਰ ਨੂੰ ਅਦਾਇਗੀ ਲਈ ਭੇਜਦਾ ਹੈ। ਮੁੱਖ ਦਫਤਰ ਵਲੋ ਰਹਿਣਨਾਮੇ ਨੂੰ ਕਾਨੂੰਨੀ ਪੱਖੋ ਸਹੀ ਕਰਾਰ ਦਿੰਦੇ ਹੋਏ ਅਤੇ ਹੋਰ ਲੋੜੀਦੀਆਂ ਸਰਤਾਂ ਮੁਕੰਮਲ ਹੋਣ ਉਪਰੰਤ ਕਰਜੇ ਦੀ ਅਦਾਇਗੀ (ਡਰਾਫਟ ਰਾਂਹੀ) ਜਿਲਾ ਪੱਧਰ ਸਕਰੀਨਿੰਗ ਕਮੇਟੀ ਰਾਂਹੀ ਕੀਤੀ ਜਾਂਦੀ ਹੈ।

6) ਬਿਨੈਕਾਰ ਯੂਨਿਟ ਕਾਸਟ ਦੀ ਕੁੱਲ ਲਾਗਤ ਦਾ 5% ਹਿੱਸਾ ਆਪਣੇ ਕੋਲੋ ਪਾਉਦਾ ਹੈ ਅਤੇ ਬਾਕੀ ਦਾ 95% ਕਾਰਪੋਰੇਸਨ ਬਤੌਰ ਕਰਜਾ ਦਿੰਦੀ ਹੈ।

7) ਬਿਨੈਕਾਰ ਵਲੋ ਕਰਜੇ ਦੀ ਯੋਗ ਵਰਤੋ ਤਿੰਨ ਮਹੀਨੇ ਦੇ ਅੰਦਰ ਅੰਦਰ ਕਰਨੀ ਜਰੂਰੀ ਹੈ। ਜੇਕਰ ਬਿਨੈਕਾਰ ਇਹ ਕਰਜਾ ਆਯੋਗ ਵਰਤੋ ਕਰਦਾ ਹੈ ਤਾਂ ਉਸ ਤੋ ਸਾਰਾ ਕਰਜਾ ਸਮੇਤ ਵਿਆਜ ਅਤੇ ਪੈਨੇਲਟੀ (1% ਪ੍ਰਤੀ ਮਹੀਨਾ ) ਇੱਕਮੁੱਠ ਵਸੂਲਣ ਲਈ ਕਾਰਪੋਰੇਸਨ ਕਾਰਵਾਈ ਕਰਦੀ ਹੈ।

**ਕਰਜੇ ਦੀ ਵਾਪਸੀ**

ਕਰਜਾ ਪੰਜ ਸਾਲਾਂ ਵਿੱਚ 20 ਤਿਮਾਹੀ ਕਿਸਤਾਂ ਵਿੱਚ ਵਾਪਸ ਕੀਤਾ ਜਾਵੇਗਾ। ਕਰਜਾ ਸਮੇ ਸਿਰ ਵਾਪਸ ਨਾ ਕਰਨ ਦੀ ਸੂਰਤ ਵਿੱਚ ਬਕਾਇਆ ਰਹਿੰਦੀ ਰਕਮ ਤੇ 1% ਪ੍ਰਤੀ ਮਹੀਨਾ ਦੀ ਦਰ ਨਾਲ ਦੰਡ ਵਿਆਜ ਵਸੂਲਿਆ ਜਾਵੇਗਾ।

ਬੈਕਫਿੰਕੋ ਵਲੋ

ਐਨ.ਬੀ.ਸੀ.ਐਫ.ਡੀ.ਸੀ. ਅਤੇ ਐਨ.ਐਮ.ਡੀ.ਐਫ.ਸੀ.

ਦੇ ਸਹਿਯੋਗ ਨਾਲ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੇਰਵਾ

| (ੳ) | <u>ਪਿਤਾ ਪੁਰਖੀ ਜਾਂ ਨਾਨ ਤਕਨੀਕੀ ਸਕੀਮਾਂ</u> | | |
|---|---|---|---|
| <u>ਲੜੀ ਨੰ:</u> | <u>ਸਕੀਮ ਦਾ ਨਾਮ</u> | <u>ਯੂਨਿਟ ਦੀ ਲਾਗਤ</u> | <u>ਵਿਆਜ ਦੀ ਦਰ</u> |
| 1 | ਡੇਅਰੀ ਫਾਰਮਿੰਗ 3-5 ਪਸ਼ੂ | 50,000/- ਤੋ 100,000/- | 6% |
| 2 | ਪੋਲਟਰੀ ਫਾਰਮਿੰਗ | 50,000/- ਤੋ 100,000/- | 6% |
| 3 | ਸਬਜੀਆਂ ਉਗਾਉਣਾ | 50,000/- ਤੋ 100,000/- | 6%× |
| 4 | ਸਹਿਦ ਦੀਆਂ ਮੱਖੀਆਂ ਪਾਲਣ ਲਈ | 50,000/- ਤੋ 100,000/- | 6% |
| 5 | ਕਾਰਪੈਟਰੀ/ਫਰਨੀਚਰ/ਲੁਹਾਰਾ ਕੰਮ | 50,000/- ਤੋ 1,15,000/- | 6% |
| 6 | ਆਟਾ ਚੱਕੀ/ਕੋਹਲੂ | 50,000/-ਤੋ 100,000/- | 6% |
| 7 | ਆਟੋ ਰਿਕਸਾ(ਪੈਸੰਜਰ/ਢੋਆ ਢੁਆਈ) | 50,000/- ਤੋ 1,28,000/- | 6% |
| 8 | ਜਨਰਲ ਸਟੋਰ(ਕਰਿਆਨਾ/ਕੈਟਲ/ਪੋਲਟਰੀ ਫੀਡ | 50,000/- ਤੋ 100,000/- | 6% |
| 9 | ਹਾਰਡਵੇਅਰਸਟੋਰ(ਸੈਟਰੀਅਤੇ ਬਿਲਡਿੰਗ ਮੈਟਰੀਅਲ ਲੋਹਾ ਆਦਿ | 50,000/- ਤੋ 100,000/- | 6% |
| 10 | ਕੱਪੜਾ/ਰੈਡੀਮੇਡ ਗਾਰਮੈਟ ਸਾਪ | 50,000/- ਤੋ 100,000/- | 6% |
| 11 | ਕਿਤਾਬਾਂ/ਸਟੇਸਨਰੀ ਦੀ ਦੁਕਾਨ | 50,000/- ਤੋ 100,000/- | 6% |
| 12 | ਸਾਈਕਲ ਸੇਲ ਤੇ ਰਿਪੇਅਰ | 50,000/- ਤੋ 100,000/- | 6% |
| 13 | ਫੋਟੋਸਟੇਟ ਮਸੀਨ | 50,000/- ਤੋ 100,000/- | 6% |
| 14 | ਟੇਲਰਿੰਗ | 40,000/- ਤੋ 100,000/- | 6% |
| (ਅ) | <u>ਤਕਨੀਕੀ ਸਕੀਮਾਂ :</u> | | |
| 15 | ਖੇਤੀਬਾੜੀ ਦੇ ਸੰਦਾਂ ਲਈ (ਫੈਬਰੀਕੇਸਨ) | 50,000/- ਤੋ 100,000/- | 6% |
| 16 | ਆਟੋ ਮੋਬਾਇਲ ਰਿਪੇਅਰ/ ਸਪੇਅਰ ਪਾਰਟਸ ਸਾਪ | 50,000/- ਤੋ 100,000/- | 6% |
| 17 | ਇਲੈਕਟਰੋਨਸ/ਇਲੈਕਟ੍ਰੀਕਲ ਸੇਲ ਤੇ ਰਿਪੇਅਰ | 50,000/- ਤੋ 100,000/- | 6% |
| 18 | ਸਾਈਬਰ ਕੈਫੇ/ਇੰਟਰਨੈਟ ਢਾਬਾ | 2,25,000/- | 6% |
| 19 | ਫੈਬਰੀਕੇਸਨ ਯੂਨਿਟ | 50,000/- ਤੋ 1,40,000/- | 6% |
| 20 | ਫੋਟੋਗਰਾਫੀ ਅਤੇ ਵੀਡਿਊਗਰਾਫੀ | 50,000/- ਤੋ 1,20,000/- | 6% |
| 21 | ਹੌਜਰੀ ਯੂਨਿਟ | 50,000/- ਤੋ 100000 | 6% |
| 22 | ਸਮਾਲ ਸਕੇਲ ਇੰਡਸਟਰੀਅਲ ਯੂਨਿਟ(ਕੋਈ ਵੀ ਸਮਾਨ ਬਣਾਉਣ ਦਾ ਕਾਰੋਬਾਰ) | 50,000/- ਤੋ 100,000/- | 6% |
| (ੲ) | <u>ਵਪਾਰ ਸਕੀਮਾਂ</u> | | |
| 23 | ਵਿਗਿਆਪਨ ਏਜੰਸੀ | 100,000/- | 6% |
| 24 | ਹਵਾਈ ਯਾਤਰਾ ਏਜੰਸੀ | 100,000/- | 6% |
| 25 | ਹਵਾਈ ਅੱਡਾ ਸੇਵਾ | 100,000/- | 6% |
| 26 | ਆਰਕੀਟੈਕਟ | 100,000/- | 6% |

| | | | |
|---|---|---|---|
| 27 | ਬਿਊਟੀ ਪਾਰਲਰ | 100,000/- | 6% |
| 28 | ਬਿਜਨਸ ਐਕਸਲੇਰੀ ਸਰਵਿਸ | 100,000/- | 6% |
| 29 | ਕੇਬਲ ਓਪਰੇਟਰ | 100,000/- | 6% |
| 30 | ਕਾਰਗੋ ਹੈਂਡਲਿੰਗ ਸਰਵਿਸ | 100,000/- | 6% |
| 31 | ਚਾਰਟਿਡ ਅਕਾਊਂਟੈਂਟ | 100,000/- | 6% |
| 32 | ਕਮਰਸੀਅਲ ਟਰੇਨਿੰਗ ਅਤੇ ਕੋਚਿੰਗ | 100,000/- | 6% |
| 33 | ਕੰਪਨੀ ਸੈਕਟਰੀਜ | 100,000/- | 6% |
| 34 | ਕੰਟਸਲਟਿਗ ਇੰਨਜੀਅਰ | 100,000/- | 6% |
| 35 | ਕੋਰੀਅਰ ਏੇਂਜਸੀ | 100,000/- | 6% |
| 36 | ਡਰਾਈਕਲੀਨਿੰਗ ਸਰਵਿਸ | 100,000/- | 6% |
| 37 | ਫੈਸਨ ਡੀਜਾਨਿਰ ਸਰਵਿਸ | 100,000/- | 6% |
| 38 | ਫਰੈਸੀਜ ਸਰਵਿਸ | 100,000/- | 6% |
| 39 | ਜਨਰਲ ਇੰਸੂਰੈਸ ਬਿਜਨਸ | 100,000/- | 6% |
| 40 | ਇੰਨਟੀਅਰ ਡੈਕੋਰੇਟਰ | 100,000/- | 6% |
| 41 | ਮੇਨਟੇਨੈਸ ਜਾਂ ਰਿਪੇਅਰ | 100,000/- | 6% |
| 42 | ਮਨੇਜਮੈਂਟ ਕੰਨਸੰਲਟੈਂਟ | 100,000/- | 6% |
| 43 | ਮੈਨਪਾਵਰ ਰਕਰੂਟਮੈਂਟ ਏਜੰਸੀ | 100,000/- | 6% |
| 44 | ਆਨ ਲਾਈਨ ਇਨਫਾਰਮੇਸਨ ਅਤੇ ਡਾਟਾ | 100,000/- | 6% |
| 45 | ਆਊਟਡੋਰ ਕੈਟਰਿੰਗ | 100,000/- | 6% |
| 46 | ਪੈਕਿੰਗ ਸਰਵਿਸ | 100,000/- | 6% |
| 47 | ਪੰਡਾਲ ਜਾਂ ਸਮਿਆਨਾ ਸਰਵਿਸ | 100,000/- | 6% |
| 48 | ਫੋਟੋਗਰਾਫੀ | 100,000/- | 6% |
| 49 | ਰੀਅਲ ਅਸਟੇਟ ਏਜੰਟਜ | 100,000/- | 6% |
| 50 | ਰੇਲ ਸੇਵਾ ਏਜੰਟਜ | 100,000/- | 6% |
| 51 | ਸਾਈਸਟੈਫਿਕ ਅਤੇ ਟੈਕਨੀਕਲ ਕੰਨਸਟੈਨਸੀ | 100,000/- | 6% |
| 52 | ਸਕਿਉਰਟੀ ਏਜੰਸੀਜ | 100,000/- | 6% |
| 53 | ਮੋਟਰ ਵਹੀਕਲ ਦੀ ਸਰਵਿਸ | 100,000/- | 6% |
| (ਹ) | **ਐਜੂਕੇਸਨਲ ਕਰਜਾ ਸਕੀਮ** | | |
| 55 | (ਘੱਟ ਗਿਣਤੀ ਵਰਗ ਲਈ ਟੈਕਨੀਕਲ ਤੇ ਪ੍ਰੋਫੈਸਨਲ ਕੋਰਸਾਂ ਲਈ) | 2,50,000/- | 3% |
| 56 | ਪਛੜੀਆਂ ਸ੍ਰੇਣੀਆਂ ਲਈ ਟੈਕਨੀਕਲ ਤੇ ਪ੍ਰੋਫੈਸਨਲ ਕੋਰਸਾਂ ਲਈ | 5,00,000/- | 4% |
| 57 | **ਮਹਿਲਾ ਸਮਰਿੱਧੀ ਯੋਜਨਾ** | 25000/- | 4% |
| 58 | **ਨਿਊ ਸਵਰਨਿਮਾ ਸਕੀਮ (ਕੇਵਲ ਪਛੜੀ ਸ੍ਰੇਣੀ ਨਾਲ ਸਬੰਧਤ ਔਰਤਾਂ ਲਈ)** | 50000/- | 4% |
| 59 | **ਮਾਇਕਰੋ ਫਾਇਨਾਂਸ ਸਕੀਮ** | 25000/- ਤੱਕ | 5% |

# ਪੰਜਾਬ ਸਰਕਾਰ ਵਲੋ ਘੋਸਿਤ ਪਛੜੀਆਂ ਸ੍ਰੇਣੀਆਂ ਦੀ ਸੂਚੀ

1 ਅਹੇਰੀਆ,ਅਹੇੜੀ ਹਰੀ,ਨਾਇਕ ਬੋਰੀ ਜਾਂ ਤੁਰੀ

2 ਬਾੜ

3 ਏਟ, ਹੰਸੀ ਜਾਂ ਹੇਸੀ

4 ਚਾਂਗਰ

5 ਚਿੜੀਮਾਰ

6 ਦਈਆਂ

7 ਗਾਰੀਆ,ਗੋਰੀਆਂ ਜਾਂ ਗਵਾਰ

8 ਕੁਦਾਰ ਜਾਂ ਕੰਚਨ

9 ਕੁਰਮੀ

10 ਨਰ

11 ਰੇਹੜ, ਰੇਹਾੜਾ ਜਾਂ ਰੀ

12 ਧੀਰਸ (ਸਮੇਤ ਚਾਂਗ ਅਤੇ ਬਾਹਤੀ)

13 ਕਹਾਰ,ਝੀਵਰ ਜਾਂ ਧੀਵਰ

14 ਘਾਸੀ,ਘਸੇਰੀਆ ਜਾਂ ਕੰਮੀ

15 ਬਾਗੜੀਆ

16 ਰੇਗਰ

17 ਵੀਵਰ

18 ਨੁਬਾਣਾ

19 ਗੋਰਖਾ

20 ਧੁਮਾਰ

21 ਨਾਈ

22 ਧੋਬੀ

23 ਕੰਬੋਜ

24 ਰਾਏ ਸਿੱਖ

25 ਬਾਰਬਰ

26 ਬਰਾਏ ਤਮੌਲੀ

27 ਬਰਾਗੀ,ਬੈਰਾਗੀ

28 ਭਾਟੇਰਾ

29 ਭੜਭੁੰਜਾ, ਭੜਭੁਜਾ

30 ਭੱਟ,ਭਾਟਰਾ,ਦਰਪੀ,ਰਾਮਦੀਯਾ

31 ਕੁਹਾਲੀਆ,ਲੌਹਾਰ

36 ਫਕੀਰ

37 ਘੋਮਾਲੀ,ਦੌਸਾਲੀ

38 ਗਵਾਲਾ,ਗੋਵਾਲਾ

39 ਗਡਰੀਆ

40 ਝਾਗੜਾ,ਬ੍ਰਾਹਮਣ

41 ਹਜਾਮਨਾਹੀ

42 ਜੋਗੀ ਨਾਸ

43 ਖਾਤੀ

44 ਰੇਵੰਦ

45 ਖੰਗੇੜਾ

46 ਕੂਚਾ ਬੰਦ

47 ਥਬੇੜਾ, ਤਮੇੜਾ

48 ਲਖੇੜਾ, ਮਨੀ ਹਾਰ

49 ਵੰਨਜਾਰਾ

50 ਮੁਦਾਰੀ

51 ਲੋਹਾਰ

52 ਮਰਾਸੀ

53 ਨੂਨਗਰ

54 ਨਲਬੰਦ

55 ਸੋਰਗੀਰ

56 ਪਿੰਜਾ,ਪੈਜਾ

57 ਸੋਈ

58 ਸਿੰਘੀ ਕਾਤ,ਸਿੰਘੀ ਵਾਲਾ

59 ਤੇਲੀ

60 ਧੇਲਾ ਜਾਂ ਸੋਨੀ

61 ਗੁੰਜਰ

62 ਕ੍ਰਿਸਚੀਅਨ

63 ਅਰੇਨਾ

64 ਸਾਧੂ/ਸੰਨਯਾਮੀ

65 ਸੰਨਯਾਸੀ ਬਾਵਾ

66 ਬੁਜਰੋ

32 ਓਾਰੰਗ
33 ਛੀਸਾ,ਛਿੰਪੀ,ਛਿੰਬਾ,ਦਰਜੀ,ਟੋਕ
34 ਡਕੋਟੇ
35 ਧੀ ਮਾਰ,ਮਨਾਹ,ਕਸਪ,ਰਾਜਪੂਤ

67 ਸੋਨੀ(ਰਾਜਪੂਤ)
68 ਮੈਹਰਾ(ਰਾਜਪੂਤ)
69 ਰਾਮਗੜੀਆਂ,ਤਰਖਾਣ

## ਬੈਕਫਿੰਕੋ ਦੇ ਜਿਲ੍ਹਾ ਫੀਲਡ ਦਫਤਰਾਂ ਦੇ ਐਡਰੈਸ :

| | |
|---|---|
| ਅੰਮ੍ਰਿਤਸਰ | ਡਾ: ਬੀ.ਆਰ ਅੰਬੇਦਕਰ ਭਵਨ |
| ਬਠਿੰਡਾ | ਡਾ : ਬੀ.ਆਰ ਅੰਬੇਦਕਰ ਭਵਨ, ਨੇੜੇ ਪਾਵਰ ਹਾਊਸ |
| ਫਰੀਦਕੋਟ | ਮਾਰਫਤ ਕਰਨਲ ਜੀ.ਐਸ.ਸੇਖੋਂ,ਬੈਕਸਾਈਡ ਸਦਰ ਥਾਣਾ ਮਨਜੀਤ ਇੰਦਰਪੁਰਾ ਡੋਗਰ ਬਸਤੀ |
| ਫਿਰੋਜਪੁਰ | ਡਾ: ਬੀ.ਆਰ ਅੰਬੇਦਕਰ ਭਵਨ |
| ਫਤਿਹਗੜ੍ਹ ਸਾਹਿਬ | ਡਾ : ਬੀ.ਆਰ.ਅੰਬੇਦਕਰ ਭਵਨ, ਨੇੜੇ ਸਿਵਲ ਹਸਪਤਾਲ ਰੋਡ |
| ਗੁਰਦਾਸਪੁਰ | ਡਾ : ਬੀ.ਆਰ.ਅੰਬੇਦਕਰ ਭਵਨ ਰੇਲਵੇ ਰੋਡ ਬੈਕਸਾਈਡ ਪੰਜਪੀਰ |
| ਹੁਸਿਆਰਪੁਰ | ਸ੍ਰੀ ਮੰਗਲ ਸਿੰਘ ਜੋਸ ਨੰਬਰਦਾਰ ਵਾਸੀ ਨੇੜੇ ਮੁਹਲਾ ਪ੍ਰੇਮਗੜ ਮਾਤਾ ਰਾਣੀ ਚੌਂਕ ਹੁਸਿਆਰਪੁਰ |
| ਜਲੰਧਰ | ਸੰਧੂ ਬਿਲਡਿੰਗ ਨੇੜੇ ਨਰਿੰਦਰਾ ਸਿਨੇਮਾ |
| ਕਪੂਰਥਲਾ | ਡਾ : ਬੀ.ਆਰ.ਅੰਬੇਦਕਰ ਭਵਨ ਨੇੜੇ ਦੇਵੀ ਤਲਾਬ ਮੰਦਰ |
| ਲੁਧਿਆਣਾ | ਡਾ: ਬੀ.ਆਰ ਅੰਬੇਦਕਰ ਭਵਨ |
| ਮਾਨਸਾ | ਡਾ: ਬੀ.ਆਰ ਅੰਬੇਦਕਰ ਭਵਨ |
| ਮੋਗਾ | ਅੰਬੇਦਕਰ ਭਵਨ ਨੇੜੇ ਨੈਸ.ਲੇ ਡੇਅਰੀ,ਫਿਰੋਜਪੁਰ ਰੋਡ |
| ਮੁਕਤਸਰ | ਡਾ : ਬੀ.ਆਰ.ਅੰਬੇਦਕਰ ਭਵਨ |
| ਨਵਾਂਸਹਿਰ | ਡਾ: ਬੀ.ਆਰ ਅੰਬੇਦਕਰ ਭਵਨ |
| ਪਟਿਆਲਾ | ਡਾ : ਬੀ.ਆਰ.ਅੰਬੇਦਕਰ ਭਵਨ ਸੇਵਾ ਸਿੰਘ ਠਿਕਰੀਵਾਲਾ ਨਗਰ ਰਾਜਪੁਰਾ ਰੋਡ |
| ਰੋਪੜ | ਗਿਆਨੀ ਜੈਲ ਸਿੰਘ ਨਗਰ ਅੰਬੇਦਕਰ ਭਵਨ |
| ਸੰਗਰੂਰ | ਡਾ :ਬੀ.ਆਰ ਅੰਬੇਦਕਰ ਭਵਨ ਪਟਿਆਲਾ ਚੋਕ |
| ਮੋਹਾਲੀ : | ਐਸ.ਸੀ.ਓ ਨੰਬਰ 37, ਟੋਪ ਫਲੋਰ, ਫੇਸ-9 |
| ਬਰਨਾਲਾ : | ਗਲੀ ਨੰਬਰ 3, ਸਕਤੀ ਨਗਰ, ਨੇੜੇ ਕੋਰਟ ਰੋਡ |
| ਤਰਨਤਾਰਨ : | ਪਲਾਟ ਨੰਬਰ 13 ਨਵੀ ਸਬਜੀ ਮੰਡੀ ਨੇੜੇ ਪਾਣੀ ਵਾਲੀ ਟੈਕੀ |

ਨੋਟ :- ਹੋਰ ਜਾਣਕਾਰੀ ਲਈ ਆਪ ਆਪਣੇ ਜਿਲੇ ਦੇ ਵਧੀਕ ਡਿਪਟੀ ਕਮਿਸਨਰ(ਵਿਕਾਸ) ਜਾਂ ਜਿਲਾ ਫੀਲਡ ਅਫਸਰ, ਬੈਕਫਿੰਕੋ ਨਾਲ ਸੰਪਰਕ ਕਰ ਸਕਦੇ ਹੋ। ਇਸ ਤੋ ਬਿਨਾਂ ਮੁੱਖ ਦਫਤਰ,ਚੰਡੀਗੜ੍ਹ ਅਫਸਰਾਂ ਨਾਲ ਵੀ ਟੈਲੀਫੋਨ ਤੇ ਸੰਪਰਕ ਕਰ ਸਕਦੇ ਹੋ :-

ਐਸ.ਸੀ.ਓ.ਨੰਬਰ 6●-61,
ਸੈਕਟਰ-17-ਏ, ਚੰਡੀਗੜ੍ਹ।

ਟੈਲੀਫੋਨ ਨੰਬਰ ●172-27●5995, 27●9261
ਅਤੇ ਫੈਕਸ ਨੰਬਰ 0172-2705982